ਸਹੂਲਤ ਭਰੇ ਲੋਨ ਦੇ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਲਈ

ਵਾਸ਼ਿੰਗਟਨ SMALL BUSINESS FLEX FUND 2 ਤੁਹਾਡੇ ਕਾਰੋਬਾਰ ਦਾ ਵਿਕਾਸ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਸਰੋਤ ਹੈ। Washington State Department of Commerce (ਵਾਸ਼ਿੰਗਟਨ ਸਟੇਟ ਡਿਪਾਰਟਮੈਂਟ ਆਫ਼ ਕਾਮਰਸ) ਦੁਆਰਾ ਸਮਰਥਿਤ, ਇਹ ਫੰਡ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਨੂੰ ਵਿੱਤੀ ਸਹਾਇਤਾ ਲੈਣ ਵਿੱਚ ਮਦਦ ਕਰਦਾ ਹੈ ਜਿਸਦੀ ਲੋੜ ਉਹਨਾਂ ਨੂੰ ਆਪਣੇ ਵਿਕਾਸ ਲਈ ਪੈਂਦੀ ਹੈ।

SMALL BUSINESS flexFUND

ਛੋਟੇ ਕਾਰੋਬਾਰ ਲਈ ਸਹੂਲਤ ਭਰਿਆ ਲੋਨ

– ਤਾਂ ਜੋ ਤੁਸੀਂ ਤਰੱਕੀ ਦੀ ਪੌੜੀ ਚੜ੍ਹ ਸਕੋ।

SMALL BUSINESS FLEX FUND 2

ਵਾਸ਼ਿੰਗਟਨ ਰਾਜ ਵਿੱਚ ਅਨੇਕਾਂ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਨੂੰ ਵਿਕਸਿਤ ਹੋਣ ਅਤੇ ਵਧਣ-ਫੁੱਲਣ ਲਈ ਵਿੱਤੀ ਸਹਾਇਤਾ ਹਾਸਲ ਕਰਨ ਵਿੱਚ ਕਈ ਰੁਕਾਵਟਾਂ ਪੇਸ਼ ਆਉਂਦੀਆਂ ਹਨ।

ਇਸ ਪ੍ਰੋਗਰਾਮ ਦਾ ਉਦੇਸ਼ ਉਹਨਾਂ ਨੂੰ Department of Commerce ਦੁਆਰਾ ਪ੍ਰਵਾਨਿਤ ਕਮਿਊਨਿਟੀ-ਆਧਾਰਿਤ ਰਿਣਦਾਤਿਆਂ ਦੇ ਨੈੱਟਵਰਕ ਰਾਹੀਂ ਵਧੀਆ, ਸਹੂਲਤ ਭਰਿਆ ਅਤੇ ਕਿਫਾਇਤੀ ਲੋਨ ਪ੍ਰਦਾਨ ਕਰਨਾ ਹੈ।

ਯੋਗ ਕਾਰੋਬਾਰਾਂ ਦੇ ਕੋਲ

- 50 ਤੋਂ ਘੱਟ ਕਰਮਚਾਰੀ ਹੋਣੇ ਚਾਹੀਦੇ ਹਨ
- ਸਾਲਾਨਾ ਆਮਦਨ $5 ਮਿਲੀਅਨ ਤੋਂ ਘੱਟ ਹੋਣੀ ਚਾਹੀਦੀ ਹੈ
- ਲੋਨ ਲਈ ਐਪਲੀਕੇਸ਼ਨ ਦੇਣ ਦੇ ਸਮੇਂ ਤੋਂ ਘੱਟੋ-ਘੱਟ ਇੱਕ ਸਾਲ ਪਹਿਲਾਂ ਤੋਂ ਕਾਰੋਬਾਰ ਚੱਲ ਰਿਹਾ ਹੋਣਾ ਚਾਹੀਦਾ ਹੈ

ਲੋਨ ਦੀ ਵਰਤੋਂ ਲੋੜ ਅਨੁਸਾਰ ਕੀਤੀ ਜਾ ਸਕਦੀ ਹੈ

- ਤਨਖਾਹ
- ਬਿਜਲੀ-ਪਾਣੀ ਆਦਿ ਦੇ ਬਿਲ
- ਮਾਰਕੀਟਿੰਗ ਅਤੇ ਇਸ਼ਤਿਹਾਰਬਾਜ਼ੀ
- ਬਿਲਡਿੰਗ ਵਿੱਚ ਸੁਧਾਰ ਜਾਂ ਮੁਰੰਮਤ
- ਹੋਰ ਕਾਰੋਬਾਰੀ ਖਰਚੇ

ਘੱਟ ਵਿਆਜ ਦਰਾਂ

- ਤੁਸੀਂ $250,000 ਤੱਕ ਦਾ ਲੋਨ ਲੈ ਸਕਦੇ ਹੋ
- ਦਰਾਂ WSJ ਪ੍ਰਾਈਮ ਦਰ ਤੋਂ 1-4% ਵੱਧ ਹਨ
- ਲੋਨ ਦੀ ਪੂਰੀ ਮਿਆਦ ਤੱਕ ਸਥਿਰ ਯਾਨੀ ਕਿ ਫਿਕਸਡ ਵਿਆਜ ਦਰ ਹੈ
- 36 ਤੋਂ 72-ਮਹੀਨੇ ਤੱਕ ਲੋਨ ਦੀ ਮਿਆਦ
- ਸਮੇਂ ਤੋਂ ਪਹਿਲਾਂ ਅਦਾਇਗੀ ਕਰਨ 'ਤੇ ਕੋਈ ਜੁਰਮਾਨਾ ਨਹੀਂ ਹੈ

ਵਾਸ਼ਿੰਗਟਨ Small Business Flex Fund 2 ਮੁਆਫੀਯੋਗ ਲੋਨ ਵਾਲਾ ਪ੍ਰੋਗਰਾਮ ਨਹੀਂ ਹੈ। ਕਰਜ਼ਦਾਰ ਨੂੰ 3 ਤੋਂ 6-ਸਾਲ ਦੀ ਮਿਆਦ ਵਿੱਚ ਵਿਆਜ ਸਮੇਤ ਲੋਨ ਦੀ ਪੂਰੀ ਰਕਮ ਵਾਪਸ ਕਰਨੀ ਪਵੇਗੀ।

SMALLBUSINESSFLEXFUND.ORG

Washington State Department of Commerce

ਕਮਿਊਨਿਟੀਆਂ ਉਦੋਂ ਹੀ ਮਜ਼ਬੂਤ ਬਣਦੀਆਂ ਹਨ ਜਦੋਂ ਛੋਟੇ ਕਾਰੋਬਾਰ ਵਧਦੇ-ਫੁੱਲਦੇ ਹਨ।

ਭਾਵੇਂ ਹੋਵੇ ਰੈਸਟੋਰੈਂਟ, ਪ੍ਰੋਫੈਸ਼ਨਲ ਸਰਵਿਸ ਪ੍ਰੋਵਾਈਡਰ, ਉਤਪਾਦਕ, ਲੋਕਲ ਫਾਰਮ ਜਾਂ ਕਮਿਊਨਿਟੀ-ਆਧਾਰਿਤ ਗੈਰ-ਲਾਭਕਾਰੀ ਸੰਗਠਨ, ਛੋਟੇ ਕਾਰੋਬਾਰ ਅਤੇ ਸਥਾਨਕ ਸੰਗਠਨ ਸਾਡੇ ਭਾਈਚਾਰਿਆਂ ਨੂੰ ਵਧਣ-ਫੁੱਲਣ ਵਿੱਚ ਮਦਦ ਕਰਨ ਦੇ ਨਾਲ-ਨਾਲ ਨੌਕਰੀਆਂ ਦੇ ਮੌਕੇ ਵੀ ਪੈਦਾ ਕਰਦੇ ਹਨ ਅਤੇ ਸਾਡੀ ਰਾਜ ਵਿਆਪੀ ਅਰਥ-ਵਿਵਸਥਾ ਵਿੱਚ ਯੋਗਦਾਨ ਪਾਉਂਦੇ ਹਨ।

SMALL BUSINESS FLEX FUND 2

ਸਹੂਲਤ ਭਰੇ, ਕਿਫਾਇਤੀ ਲੋਨ

ਸਥਿਰ, ਘੱਟ ਵਿਆਜ ਦਰਾਂ

36-72 ਮਹੀਨਿਆਂ ਤੱਕ ਲੋਨ ਦੀ ਮਿਆਦ

$250,000 ਤੱਕ ਦਾ ਲੋਨ ਲਓ

1-4% ਵੱਧ, WSJ ਪ੍ਰਾਈਮ ਵਿਆਜ ਦਰ ਤੋਂ

ਆਮ ਲੋਨ ਪ੍ਰੋਗਰਾਮਾਂ ਨਾਲੋਂ ਅਲੱਗ

Small Business Flex Fund 2 ਦਾ ਉਦੇਸ਼ ਕ੍ਰੈਡਿਟ ਸਕੋਰ ਜਾਂ ਕੀਮਤੀ ਚੀਜ਼ ਗਹਿਣੇ ਰੱਖਣ ਵਰਗੀਆਂ ਲੋੜਾਂ ਅਤੇ ਕਲੋਜ਼ਿੰਗ ਦੀਆਂ ਲਾਗਤਾਂ ਤੋਂ ਬਾਹਰ ਲਿੱਤੀਆਂ ਜਾਣ ਵਾਲੀਆਂ ਓਰਿਜੀਨੇਸ਼ਨ ਫੀਸਾਂ ਨੂੰ ਹਟਾ ਕੇ ਵਿੱਤੀ ਸਹਾਇਤਾ ਹਾਸਲ ਕਰਨ ਵਿੱਚ ਪੇਸ਼ ਆਉਣ ਵਾਲੀਆਂ ਰੁਕਾਵਟਾਂ ਨੂੰ ਘਟਾਉਣਾ ਹੈ। ਫੰਡ ਦੀ ਵਰਤੋਂ ਤੁਹਾਡੇ ਕਾਰੋਬਾਰ ਦੀਆਂ ਲੋੜਾਂ ਅਤੇ ਉਦੇਸ਼ਾਂ ਦੇ ਆਧਾਰ 'ਤੇ ਕੀਤੀ ਜਾ ਸਕਦਾ ਹੈ।

ਸਥਾਨਕ, ਕਮਿਊਨਿਟੀ-ਆਧਾਰਿਤ ਰਿਣਦਾਤੇ ਤੁਹਾਡੀ ਸਫਲਤਾ ਲਈ ਵਚਨਬੱਧ ਹਨ

ਅਸੀਂ ਤਿਆਰ ਹਾਂ। ਆਓ ਗੱਲ ਕਰੀਏ!

ਵਾਸ਼ਿੰਗਟਨ Small Business Flex Fund 2 ਦੇ ਕੋਲ ਕਮਿਊਨਿਟੀ-ਆਧਾਰਿਤ ਰਿਣਦਾਤਿਆਂ ਦਾ ਇੱਕ ਨੈੱਟਵਰਕ ਹੈ ਜਿਹਨਾਂ ਦੇ ਕੋਲ ਵਾਸ਼ਿੰਗਟਨ ਵਿੱਚ ਸੀਮਿਤ ਸਰੋਤਾਂ ਅਤੇ ਸੀਮਿਤ ਬੈਂਕਿੰਗ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਮਿਊਨਿਟੀਆਂ ਦੇ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਦੀ ਮਦਦ ਕਰਨ ਦਾ ਕਈ ਦਹਾਕਿਆਂ ਦਾ ਅਨੁਭਵ ਹੈ। ਇਹ ਕਮਿਊਨਿਟੀ-ਆਧਾਰਿਤ ਰਿਣਦਾਤੇ ਲੋਨ ਪ੍ਰਕਿਰਿਆ ਦੇ ਹਰ ਪੜਾਅ 'ਤੇ ਤੁਹਾਡੀ ਮਦਦ ਕਰ ਸਕਦੇ ਹਨ।

SMALL BUSINESS flexFUND

ਕੀ ਉਮੀਦ ਕੀਤੀ ਜਾ ਸਕਦੀ ਹੈ

ਦਿਲਚਸਪੀ ਰੱਖਣ ਵਾਲੇ ਕਰਜ਼ਦਾਰ **SmallBusinessFlexFund.org** 'ਤੇ ਉਪਲਬਧ ਔਨਲਾਈਨ ਪੋਰਟਲ ਰਾਹੀਂ ਪ੍ਰੀ-ਅਪਲਾਈ ਕਰਨਗੇ।

ਪੋਰਟਲ ਦੇ ਜ਼ਰੀਏ, ਯੋਗ ਕਰਜ਼ਦਾਰਾਂ ਦਾ ਸਥਾਨਕ, ਕਮਿਊਨਿਟੀ-ਆਧਾਰਿਤ ਰਿਣਦਾਤਿਆਂ ਨਾਲ ਮੇਲ ਕੀਤਾ ਜਾਵੇਗਾ।

ਅਪਲਾਈ ਕਿਵੇਂ ਕਰਨਾ ਹੈ

SmallBusinessFlexFund.org 'ਤੇ ਜਾਓ

ਅੱਜ ਹੀ ਆਪਣੇ ਕਮਿਊਨਿਟੀ-ਆਧਾਰਿਤ ਰਿਣਦਾਤੇ ਦੇ ਨਾਲ ਜੁੜੋ!

Washington State Department of Commerce

SMALLBUSINESSFLEXFUND.ORG

ਬੇਦਾਅਵਾ: ਫੰਡਿੰਗ ਦੀ ਰਕਮ ਸੀਮਿਤ ਅਤੇ ਐਪਲੀਕੇਸ਼ਨਾਂ ਦੀ ਅਨੁਮਾਨਿਤ ਗਿਣਤੀ ਜ਼ਿਆਦਾ ਹੋਣ ਦੇ ਕਾਰਨ, ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਸ਼ਾਇਦ ਸਾਰੇ ਬਿਨੈਕਾਰ ਲੋਨ ਪ੍ਰਾਪਤ ਨਾ ਕਰ ਸਕਣ। ਐਪਲੀਕੇਸ਼ਨਾਂ ਦੀ ਸਮੀਖਿਆ ਉਸੇ ਕ੍ਰਮ ਵਿੱਚ ਕੀਤੀ ਜਾਵੇਗੀ ਜਿਸ ਕ੍ਰਮ ਵਿੱਚ ਉਹ ਪ੍ਰਾਪਤ ਹੋਣਗੀਆਂ ਅਤੇ ਪ੍ਰੋਗਰਾਮ ਦੇ ਉਦੇਸ਼ਾਂ ਅਨੁਸਾਰ ਉਹਨਾਂ ਨੂੰ ਪ੍ਰਬੰਧਿਤ ਕੀਤਾ ਜਾਵੇਗਾ। **ਅਸੀਂ ਤੁਹਾਨੂੰ ਜਲਦੀ ਤੋਂ ਜਲਦੀ ਅਪਲਾਈ ਕਰਨ ਦੀ ਸਿਫਾਰਸ਼ ਕਰਦੇ ਹਾਂ।**

ਵਾਸ਼ਿੰਗਟਨ State Small Business Credit Initiative (SSBCI, ਸਟੇਟ ਸਮਾਲ ਬਿਜ਼ਨਸ ਕ੍ਰੈਡਿਟ ਇਨੀਸ਼ੀਏਟਿਵ) ਪੂਰੇ ਵਾਸ਼ਿੰਗਟਨ ਵਿੱਚ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਨੂੰ ਬਹੁਤ ਹੀ ਜ਼ਰੂਰੀ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ, ਖਾਸ ਤੌਰ 'ਤੇ ਉਹਨਾਂ ਕਮਿਊਨਿਟੀਆਂ ਨੂੰ ਜਿਹਨਾਂ ਕੋਲ ਸਰੋਤਾਂ ਅਤੇ ਬੈਂਕਿੰਗ ਸੇਵਾਵਾਂ ਤੱਕ ਸੀਮਿਤ ਪਹੁੰਚ ਹੈ। SSBCI ਦਾ ਸੰਚਾਲਨ ਵਾਸ਼ਿੰਗਟਨ ਸਟੇਟ Department of Commerce ਦੁਆਰਾ ਅਮਰੀਕਾ ਦੇ Department of Treasury (ਡਿਪਾਰਟਮੈਂਟ ਆਫ਼ ਟ੍ਰੇਜ਼ਰੀ)ਅਤੇ ਰਾਜ ਭਰ ਦੇ ਵਿੱਤੀ ਸੰਗਠਨਾਂ ਦੇ ਨਾਲ ਪਾਰਟਨਰਸ਼ਿਪ ਵਿੱਚ ਕੀਤਾ ਜਾਂਦਾ ਹੈ। ਹੋਰ ਜਾਣਕਾਰੀ ਦੇ ਲਈ, https://bit.ly/wa-small-biz-loans 'ਤੇ ਜਾਓ।